**BCM SCHOOL BASANT AVENUE DUGRI ROAD LUDHIANA.**
**Assignment of Punjabi ( Aug 2024)**

**ਭਾਗ ੳ ( ਪੜ੍ਹਨ ਕੌਸ਼ਲ)**

**1. ਅਣਡਿੱਠੇ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ-**

ਸਭਿਆਚਾਰ ਵਿਆਪਕ ਵਰਤਾਰਾ ਹੈ। ਇਹ ਮਨੁੱਖੀ ਹੋਂਦ ਦੀ ਪ੍ਰਾਲੱਭਤ ਹੈ। ਜਿੱਥੇ ਕਿਤੇ ਮਨੁੱਖੀ ਹੋਂਦ ਹੈ, ਉਥੇ ਸਭਿਆਚਾਰ ਵੀ ਮੌਜੂਦ ਹੈ। ਸਭਿਆਚਾਰ ਦੀ ਵਿਆਪਕਤਾ ਦਾ ਹੋਰ ਪੱਖ ਵੀ ਹੈ। ਜਦੋਂ ਵਿਸ਼ਵ ਦੇ ਸਭਿਆਚਾਰ ਵਸਤੂ-ਮੂਲਕ ਦ੍ਰਿਸ਼ਟੀ ਤੋਂ ਪਰਖੇ ਜਾਂਦੇ ਹਨ ਤਾਂ ਉਹਨਾਂ ਵਿੱਚ ਕਈ ਪੱਖਾਂ ਤੋਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਸਭਿਆਚਾਰ ਵਿੱਚ ਧਰਮ, ਦਰਸ਼ਨ, ਸ਼ਿਲਪ, ਕਲਾ ਤੇ ਹੋਰ ਸੁਹਜ ਸਮੱਗਰੀ ਉਪਲਬਧ ਹੁੰਦੀ ਹੈ। ਇਹ ਸਭਿਆਚਾਰ ਦੀ ਵਿਆਪਕਤਾ ਹੈ। ਸਭਿਆਚਾਰ ਦੀ ਵਿਸ਼ੇਸਤਾ ਦਾ ਰਾਜ ਇਸ ਗੱਲ ਵਿੱਚ ਹੈ ਕਿ ਦੁਨੀਆ ਉੱਪਰ ਅਜਿਹੀ ਕੋਈ ਕੌਮ, ਵਰਗ, ਸਮਾਜ ਅਤੇ ਭਾਈਚਾਰਾ ਨਹੀਂ ਜਿਸ ਦਾ ਆਪਣਾ ਸਭਿਆਚਾਰ ਨਹੀਂ ਹੈ। ਸਭਿਆਚਾਰ ਹਰ ਥਾਂ ਮੌਜੂਦ ਹੈ ਤੇ ਹਰ ਕੌਮ,ਵਰਗ ਤੇ ਸਮਾਜ ਦਾ ਆਪਣਾ ਨਿਵੇਕਲਾ ਸਭਿਆਚਾਰ ਹੁੰਦਾ ਹੈ, ਜਿਹੜਾ ਦੂਸਰੇ ਸਭਿਆਚਾਰ ਨਾਲੋਂ ਨਿਵੇਕਲਾ ਹੁੰਦਾ ਹੋਇਆ ਆਪਣੀ ਹੋਂਦ ਨੂੰ ਨਿਰਧਾਰਿਤ ਕਰਦਾ ਹੈ। ਹਰ ਸਭਿਆਚਾਰ ਆਪਣੇ ਲੋਕਾਂ ਦੇ ਵਿਸ਼ੇਸ਼ ਇਤਿਹਾਸਕ ਤਜ਼ਰਬੇ ਦੀ ਸਿਰਜਣਾ ਹੁੰਦਾ ਹੈ। ਇਸ ਲਈ ਕੋਈ ਸਭਿਆਚਾਰ ਓਨੀ ਦੇਰ ਨਹੀਂ ਸਮਝਿਆ ਜਾ ਸਕਦਾ ਜਿੰਨੀ ਦੇਰ ਉਸ ਦੇ ਸਿਰਜਣਹਾਰੇ ਲੋਕਾਂ ਦੇ ਵਿਸ਼ੇਸ਼ ਇਤਿਹਾਸਕ ਤਜ਼ਰਬੇ ਤੋਂ ਜਾਣੂੰ ਨਾ ਹੋਇਆ ਜਾਵੇ।

1. ਸਭਿਆਚਾਰ ਵਿੱਚ ਕੀ ਸ਼ਾਮਲ ਹੁੰਦਾ ਹੈ? *

ੳ. ਸ਼ਿਲਪ ਅ. ਦਰਸ਼ਨ ੲ.ਕਲਾ ਸ.ਉਕਤ ਸਾਰੇ ਹੀ

2. 'ਸਭਿਆਚਾਰ ਹਰ ਥਾਂ ਮੌਜੂਦ ਨਹੀਂ ਹੁੰਦਾ।'

ੳ. ਉਕਤ ਕਥਨ ਸਹੀ ਹੈ। ਅ. ਉਕਤ ਕਥਨ ਅੰਸ਼ਿਕ ਰੂਪ ਵਿੱਚ ਸਹੀ ਹੈ

ੲ. ਉਕਤ ਕਥਨ ਗ਼ਲਤ ਹੈ। ਸ. ਉਕਤ ਕਥਨ ਅੰਸ਼ਿਕ ਰੂਪ ਵਿੱਚ ਗ਼ਲਤ ਹੈ

3. ਸਭਿਆਚਾਰ ਨੂੰ ਸਮਝਣ ਲਈ ਕੀ ਸਮਝਣਾ ਜ਼ਰੂਰੀ ਹੈ?

ੳ. ਇਸਦੇ ਸਿਰਜਣਹਾਰੇ ਲੋਕਾਂ ਨੂੰ। ਅ. ਇਸ ਦੇ ਸਿਰਜਣਹਾਰੇ ਲੋਕਾਂ ਦੇ

ੲ.ਵਿਸ਼ੇਸ਼ ਇਤਿਹਾਸਕ ਤਜ਼ਰਬੇ ਨੂੰ। ਸ.ਇਹਨਾਂ ਵਿੱਚੋਂ ਕੋਈ ਵੀ ਨਹੀਂ

4. ਸਭਿਆਚਾਰ ਕਿੱਥੇ ਮੌਜੂਦ ਹੁੰਦਾ ਹੈ?

ੳ.ਜਿੱਥੇ ਕਲਾ ਹੋਵੇ। ਅ.ਜਿੱਥੇ ਸ਼ਿਲਪ ਹੋਵੇ

ੲ.ਜਿੱਥੇ ਦਰਸ਼ਨ ਹੋਵੇ। ਸ.ਜਿੱਥੇ ਮਨੁੱਖੀ ਹੋਂਦ ਹੋਵੇ

• ਹੇਠ ਲਿਖੀ ਕਾਵਿ ਟੁਕੜੀ ਨੂੰ ਪੜਕੇ ਪ੍ਰਸ਼ਨਾ ਦੇ ਉੱਤਰ ਦਿਉ:-

ਮਤਿ ਮਾਰੀ ਗਈ ਸੀ ਜੋ ਪ੍ਰਦੇਸ਼ ਵਿੱਚ ਵੱਸਣ ਦੀ ਸੋਚੀ
ਕੀ ਥੁੜ ਸੀ ਇਸ ਦੇਸ਼ ਵਿੱਚ – ਸ਼ਾਹੀ ਖਾਂਦੇ ਪਏ ਸੀ ਰੋਟੀ।
ਇਮੀਗ੍ਰੇਸ਼ਨ ਦੇ ਪੇਪਰਾਂ ਨੇ ਦਿਲ ਨੂੰ ਅਜਿਹਾ ਭਰਮਾਇਆ,
ਚਾਰ ਅਟੈਚੀਆਂ ਚੁੱਕ ਕੇ ਉਥੋਂ ਟੁਰ ਆਏ –
ਪਿੱਛੇ ਛੱਡ ਆਏ ਸਾਰਾ ਸਰਮਾਇਆ।

ੳ. ਭਾਰਤ ਦੇਸ਼ ਦੀ ਕੀ ਵਿਸ਼ੇਸ਼ਤਾ ਹੈ?

ਅ. ਸਰਮਾਇਆ ਸ਼ਬਦ ਦਾ ਅਰਥ ਦੱਸੋ।

**ਭਾਗ -ਅ ( ਵਿਆਕਰਨ)**

* ਸਮਾਸੀ ਸ਼ਬਦ:-

ੳ) ਉਰਦੂ ਫਾਰਸੀ ਦੇ ਸਮਾਸੀ ਸ਼ਬਦ ਹਮੇਸ਼ਾ ਇਤਿਹਾਸ ਨਾਲ ਹੀ ਸਬੰਧਤ ਹੁੰਦੇ ਹਨ।

i) ਸਹਿਮਤ ii) ਅਸਹਿਮਤ iii) ਨਾ ਸਹਿਮਤ ਨਾ ਅਸਹਿਮਤ iv) ਸਹਿਮਤ ਵੀ ਅਸਹਿਮਤ ਵੀ

• ਬਹੁਆਰਥਕ ਸ਼ਬਦ:-

ਅ) ਉਸ ਦੀ ਬਿਮਾਰੀ ਨੂੰ __ ਪੈ ਗਿਆ। ਉਸ ਨੇ ਮੇਰੇ ਸਾਰੇ ਪੈਸੇ _ ਦਿੱਤੇ। ਉਹ ਮੈਨੂੰ ਗਲੀ ਦੇ _ ਤੇ ਮਿਲਿਆ। ( ਖਾਲੀਸਥਾਨ ਵਿਚ ਸਹੀ ਬਹੁਅਰਥ ਸ਼ਬਦ ਭਰੋ)

i) ਫਰਕ ii) ਮੋੜ iii) ਰਾਜ iv) ਕੋਨੇ

• ਕਿਰਿਆ ਵਿਸ਼ੇਸ਼ਣ:-

ੲ) ਕਿਰਿਆ ਵਿਸ਼ੇਸ਼ਣ, ਵਿਸ਼ੇਸ਼ਣ ਤੋਂ ਭਿੰਨ ਹੈ ਕਿਉਂਕਿ:-

i) ਇਸ ਵਿੱਚ ਕਰਮ ਦੀ ਵਿਸ਼ੇਸ਼ਤਾ ਹੁੰਦੀ ਹੈ। ii) ਇਸ ਵਿੱਚ ਨਾਮ ਅਤੇ ਪੜਨਾਂਵ ਦੀ ਵਿਸ਼ੇਸ਼ਤਾ ਹੁੰਦੀ ਹੈ

iii) ਇਸ ਵਿੱਚ ਕਰਤਾ ਦੇ ਵਿਸ਼ੇਸ਼ਤਾ ਹੁੰਦੀ ਹੈ। iv) ਇਸ ਵਿੱਚ ਕਿਰਿਆ ਦੇ ਵਿਸ਼ੇਸ਼ਤਾ ਹੁੰਦੀ ਹੈ।

• ਹੇਠ ਲਿਖਿਆਂ ਵਿਚੋਂ ਕੋਈ ਇੱਕ ਅਗੇਤਰ ਕਰੋ:-

ਨਾ , ਪ੍ਰ

• ਹੇਠ ਲਿਖਿਆਂ ਵਿੱਚੋਂ ਕੋਈ ਇੱਕ ਪਿਛੇਤਰ ਕਰੋ।

ਅਹਿਰਾ, ਵੰਤ

• ਮੁਹਾਵਰੇ:-

ਕਠਪੁਤਲੀ ਹੋਣਾ, ਗੋਹੜੇ ਚੋਂ ਪੂਣੀ ਛੋਹਣੀ, ਘੋਗਾ ਚਿੱਤ ਕਰਨਾ,

ਭਾਗ - ੲ ( ਲਿਖਣ ਕੌਸ਼ਲ)

• ***ਗਲੋਬਲ ਵਾਰਮਿੰਗ**

**ਨੁਕਤੇ- ਭੂਮਿਕਾ, ਗਲੋਬਲ ਵਾਰਮਿੰਗ ਵਧਣ ਦੇ ਕਾਰਨ, ਆਬਾਦੀ ਦਾ ਲਗਾਤਾਰ ਵਾਧਾ, ਧਰਤੀ ਤੇ ਧੂੰਏ ਦੀ ਮਾਤਰਾ ਵਿੱਚ ਵਾਧਾ ਹੋਣਾ, ਵਿਕਾਸਸ਼ੀਲ ਦੇਸ਼ਾਂ ਦੇ ਉਦਯੋਗਾਂ ਵਿੱਚ ਵਾਧਾ, ਧਰਤੀ ਤੇ ਪਰਾਵੈਂਗਣੀ ਕਿਰਨਾਂ ਦਾ ਪਸਾਰਾ, ਗਲੋਬਲ ਵਾਰਮਿੰਗ ਦਾ ਅਸਰ, ਸਾਰਾਂਸ਼**

• ਆਪਣੇ ਆਪ ਨੂੰ ਪਿੰਡ ਦਾ ਸਰਪੰਚ ਸਮਝਦੇ ਹੋਏ, ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਪੱਤਰ ਲਿਖੋ, ਜਿਸ ਵਿੱਚ ਆਪਣੇ ਪਿੰਡ ਨੂੰ ਨਮੂਨੇ ਦਾ ਪਿੰਡ ਬਣਾਉਣ ਲਈ ਜਿਹੜੀਆਂ ਲੋੜਾਂ ਨੂੰ ਮੁਨਾਸਿਬ ਸਮਝਦੇ ਹੋ, ਉਨ੍ਹਾਂ ਦਾ ਵਰਣਨ ਕਰੋ ਅਤੇ ਇਹਨਾਂ ਲੋੜਾਂ ਨੂੰ ਪੂਰੀਆਂ ਕਰਨ ਦੀ ਯੋਜਨਾ ਲਈ ਸਹਾਇਤਾ ਦੀ ਮੰਗ ਕਰੋ।

• ਤਸਵੀਰ ਵਰਨਣ:-



ਭਾਗ ਸ ( ਪਾਠ ਪੁਸਤਕਾਂ ਤੇ ਅਧਾਰਤ)

• " ਦੱਸੋ ਮੈਂ ਕੀ ਕਸੂਰ ਕੀਤਾ! ਮੈਂ ਇਹੋ ਆਖਿਆ ਪਈ ਭਲਿਆਮਾਣਸਾ! ਉਤੋਂ ਸੌ ਖਰਚ ਪਏ ਆ, ਤੇ ਤੂੰ ਸ਼ਰਾਬਾਂ ਪੀਂਦਾ ਫਿਰਦਾ ਏ _ਜਦੋਂ ਪੁੱਗਦੀ ਸੀ ਪੀ ਲਈ _ਹੁਣ ਨਹੀਂ ਸਾਥੋਂ ਪੁੱਗਦੀ _ ਨਾ ਆ ਵੇਖਿਆ ਨਾ ਤਾਅ, ਮੇਰੀਆਂ ਮੌਰਾਂ ਸੇਕਤੀਆਂ" ( ਇਹ ਸ਼ਬਦ ਕਿਸਨੇ ਕਿਸਨੂੰ ਕਹੇ)

i) ਕਰਤਾਰ ਦੀ ਮਾਂ ਨੇ ਕਰਤਾਰ ਸਿੰਘ ਨੂੰ ii) ਗੁਆਂਢੀਆਂ ਨੇ ਕਰਤਾਰ ਸਿੰਘ ਨੂੰ I
iii) ਜਾਗੀਰ ਕੌਰ ਨੇ ਕਰਤਾਰ ਸਿੰਘ ਨੂੰ iv) ਅਮਰੀਕ ਨੇ ਕਰਤਾਰ ਸਿੰਘ ਨੂੰ

• ਅ) ਅਹਿਮਦ ਨਗਰ ਕਿੱਥੇ ਸਥਿਤ ਹੈ??

i) ਦੱਖਣ ਵਿੱਚ ਮੱਧ ਪ੍ਰਦੇਸ਼ ਵਿਖੇ ii) ਦੱਖਣ ਪੱਛਮ ਵਿੱਚ ਮੱਧ ਪ੍ਰਦੇਸ਼ ਵਿਖੇ iii) ਦੱਖਣ ਵਿੱਚ ਮਹਾਂਰਾਸ਼ਟਰ ਵਿਖੇ iv) ਦੱਖਣ ਪੱਛਮ ਵਿੱਚ ਮਹਾਂਰਾਸ਼ਟਰ ਵਿਖੇ

• "ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ" ਤੁਕ ਵਿੱਚ ਪਰਮਾਤਮਾ ਲਈ ਕਿਹੜਾ ਸ਼ਬਦ ਵਰਤਿਆ ਗਿਆ ਹੈ?

i) ਨਾਨਕ ii) ਭੰਡੈ iii) ਬਾਹਰਾ iv) ਏਕੋ ਸਚਾ ਸੋਇ

• ੲ) ਘਰ ਦਾ ਪਿਆਰ ਵਾਰਤਕ ਵਿੱਚ ਗੁਰੂ ਨਾਨਕ ਦੇਵ ਜੀ ਦੀ ਸਾਖੀ ਵਿਚ ਕਰੁਣਾਮਈ ਭਾਵ ਕਿੱਥੇ ਵਿਖਾਈ ਦਿੰਦਾ ਹੈ?

• ਭਾਈ ਗੁਰਦਾਸ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ?

• ਲੇਖਕ ਕਾਕੇ ਨੂੰ ਟਕਾ ਨਾ ਦੇਣ ਲਈ ਕਿਹੜੇ-ਕਿਹੜੇ ਬਹਾਨੇ ਘੜਦਾ ਹੈ?

• ਹ) ਤੁਰਨ ਦਾ ਹੁਨਰ ਪਾਠ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ। ?

• ਸਿੱਖਾਂ ਦੀ ਅਰਦਾਸ ਚੜ੍ਹਦੀ ਕਲਾ ਦਾ ਸਾਧਨ ਕਿਵੇਂ ਹੈ?

• "ਹਰਿ ਕਿਰਪਾ ਕਰਕੇ ਬਖਸਿ ਲੈਹੁ" ਸ਼ਬਦ ਵਿੱਚ ਗੁਰੂ ਜੀ ਪਰਮਾਤਮਾ ਅੱਗੇ ਕੀ ਅਰਦਾਸ ਕਰਦੇ ਹਾਂ?

• "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਸ਼ਬਦ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨਾਲ ਕਿਹੜੇ ਕਿਹੜੇ ਰਿਸ਼ਤੇ ਸਥਾਪਤ ਕੀਤੇ ਹਨ ਅਤੇ ਪਰਮਾਤਮਾ ਦੀ ਸਿਫ਼ਤ ਕਿਹੜੇ ਪੱਖਾਂ ਤੋਂ ਕੀਤੀ ਹੈ?